# India strongly condemns the terrorist attack in Mali

March 19, 2021

---

# ਮਾਲੀ ਵਿੱਚ ਹੋਏ ਅੱਤਵਾਦੀ ਹਮਲੇ ਦੀ ਭਾਰਤ ਵੱਲੋਂ ਸਖਤ ਨਿਖੇਧੀ

19 ਮਾਰਚ, 2021

ਭਾਰਤ 15 ਮਾਰਚ, 2021 ਨੂੰ ਮਾਲੀ ਦੇ ਗਾਓ ਖੇਤਰ ਦੇ ਟੇਸਿੱਤ ਵਿਖੇ ਸੁਰੱਖਿਆ ਚੌਕੀ 'ਤੇ ਹੋਏ ਅੱਤਵਾਦੀ ਹਮਲੇ, ਜਿਸ ਦੇ ਨਤੀਜੇ ਵਜੋਂ ਤੀਹ ਮਾਲੀਅਨ ਫੌਜੀ ਮਾਰੇ ਗਏ ਸਨ, ਦੀ ਸਖਤ ਨਿਖੇਧੀ ਕਰਦਾ ਹੈ।

ਅਸੀਂ ਫੌਜੀਆਂ ਦੇ ਪਰਿਵਾਰਾਂ, ਲੋਕਾਂ ਅਤੇ ਮਾਲੀ ਸਰਕਾਰ ਨਾਲ ਡੂੰਘੇ ਅਫਸੋਸ ਦਾ ਪ੍ਰਗਟਾਵਾ ਕਰਦੇ ਹਾਂ ਅਤੇ ਹੋਰਨਾਂ ਫੱਟੜ ਹੋਏ ਫੌਜੀਆਂ ਦੀ ਛੇਤੀ ਸਿਹਤਯਾਬੀ ਦੀ ਅਰਦਾਸ ਕਰਦੇ ਹਾਂ।

ਨਵੀਂ ਦਿੱਲੀ
19 ਮਾਰਚ, 2021

DISCLAIMER: This is an approximate translation. The original is available in English on MEA's website and may be referred to as the official press release.